# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ) ਬਠਿੰਡਾ।

ਵੱਲ

ਸਮੂਹ ਨੋਡਲ ਇੰਚਾਰਜ(ਈ-ਪੰਜਾਬ),

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,

ਬਠਿੰਡਾ।

ਪੱਤਰ ਨੰ:-ਸਸਅ/ਐਮ.ਆਈ.ਐਸ./2017/6215

ਮਿਤੀ:-ਬਠਿੰਡਾ/16/10/17

**ਵਿਸ਼ਾ** **ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬ ਸਕੂਲ ਉੱਤੇ ਸਮੂਹ ਸਟਾਫ (ਟੀਚਿੰਗ ਅਤੇ ਨਾਨ ਟੀਚਿੰਗ) ਦੀ ਯੋਗਤਾ ਸਬੰਧੀ ਜਾਣਕਾਰੀ ਅਪਡੇਟ ਕਰਨ ਸਬੰਧੀ।**

ਹਵਾਲਾ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ ਜੀ ਦੇ ਦਫ਼ਤਰ ਦੇ ਮੀਮੋ ਨੰ:-19/23-16 ਅ 2(1) ਮਿਤੀ ਚੰਡੀਗੜ੍ਹ ਅਕਤੂਬਰ 2017 ਦੇ ਸਬੰਧ ਵਿੱਚ।

ਉਪਰੋਕਤ ਵਿਸ਼ਾ ਅੰਕਿਤ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਈ-ਪੰਜਾਬਸਕੂਲ ਪੋਰਟਲ ਤੇ ਸਟਾਫ ਅਪਡੇਟ ਮਡਿਊਲ ਵਿੱਚ ਹਰ ਇੱਕ ਸਟਾਫ ਮੈਂਬਰ ਦੇ ਨਾਮ ਨਾਲ ਇੱਕ ਨਵਾਂ ਲਿੰਕ **"FILL QUALIFICATION"** ਐਡ ਕੀਤਾ ਗਿਆ ਹੈ।ਇਸ ਵਿੱਚ ਸਮੂਹ ਸਟਾਫ ਦੀ ਵਿਦਿਅਕ ਯੋਗਤਾ ਦਾ ਸਮੁੱਚਾ ਡਾਟਾ ਅਪਡੇਟ ਕੀਤਾ ਜਾਣਾ ਹੈ।ਜਿਵੇ ਕਿ ਯੋਗਤਾ ਦਾ ਨਾਮ (10ਵੀਂ,12ਵੀਂ, ਗਰੈਜੂਏਸ਼ਨ, ਪੋਸਟ ਗਰੈਜੂਏਸ਼ਨ ਆਦਿ), ਪੜੇ ਗਏ ਵਿਸ਼ੇ, ਯੋਗਤਾ ਪਾਸ ਕਰਨ ਦਾ ਸਾਲ, ਕੁੱਲ ਅੰਕ, ਪ੍ਰਾਪਤ ਅੰਕ, ਬੋਰਡ/ਯੂਨੀਵਰਸਿਟੀ ਦਾ ਨਾਮ, ਯੋਗਤਾ ਰੈਗੂਲਰ/ਕੋਰਸਪੋਂਡ/ਪ੍ਰਾਈਵੇਟ/ਡਿਸਟੈਂਸ ਹੈ।ਸਮੂਹ ਸਕੂਲ ਮੁੱਖੀਆ/ਸਮੂਹ ਬੀ.ਪੀ.ਈ.ਓਜ਼. ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਹਰੇਕ ਸਟਾਫ ਮੈਂਬਰ ਦਾ ਰਿਕਾਰਡ ਸਹੀ ਅਤੇ ਦਸਤਾਵੇਜ ਦੇ ਆਧਾਰ ਉਤੇ ਭਰਿਆ ਜਾਵੇ।ਹਰ ਸਟਾਫ ਮੈਂਬਰ ਆਪਣਾ ਮੁਕੰਮਲ ਰਿਕਾਰਡ ਦਰਜ ਹੋਣ ਉਪਰੰਤ ਚੰਗੀ ਤਰਾਂ ਨਾਲ ਚੈੱਕ ਕਰ ਲਵੇ ਅਤੇ ਚੈੱਕ ਕਰਨ ਉਪਰੰਤ ਹੀ ਇਸ ਨੂੰ ਅਪਰੂਵ ਕੀਤਾ ਜਾਵੇ।ਇੱਕ ਵਾਰ ਡਾਟਾ ਅਪਰੂਵ ਕਰਨ ਤੋਂ ਬਾਅਦ ਇਸ ਰਿਕਾਰਡ ਵਿੱਚ ਕੋਈ ਵੀ ਤਬਦੀਲੀ ਨਹੀ ਕੀਤੀ ਜਾ ਸਕੇਗੀ।ਸਮੂਹ ਸਟਾਫ ਮੈਂਬਰਜ਼ ਨੂੰ ਨੋਟ ਕਰਵਾ ਦਿੱਤਾ ਜਾਵੇ ਕਿ ਰਿਕਾਰਡ ਵਿੱਚ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਅਧਿਆਪਕ/ਕਰਮਚਾਰੀ ਦੀ ਹੋਵੇਗੀ।

**ਵਿਦਿਅਕ ਯੋਗਤਾ ਸਬੰਧੀ ਡਾਟਾ ਅਪਡੇਟ ਕਰਨ ਲਈ ਸਟਾਫ ਡਾਟਾ ਡਿਸਅਪਰੂਵ ਕਰਵਾਉਣ ਦੀ ਜਰੂਰਤ ਨਹੀ ਹੈ।ਸਟਾਫ ਅਪਡੇਟ ਮਡਿਊਲ ਵਿੱਚ ਇਹ ਇੱਕ ਨਵਾਂ ਅਤੇ ਵੱਖਰਾ ਲਿੰਕ ਹੈ।**

16/10/17

**ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.)**
**ਬਠਿੰਡਾ**

**ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)**
**ਬਠਿੰਡਾ**

**ਸਕੂਲ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ**

6388 16/10/2017

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ

Musloo 16/10/17

ਮੀਮੋ ਨੰ :- 19/23-16 m 2 (1)
ਮਿਤੀ : ਚੰਡੀਗੜ੍ਹ ਅਕਤੂਬਰ, 2017

(Teaching & Non-Teaching)

ਵਿਸ਼ਾ : **ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ ਉੱਤੇ ਸਮੂਹ ਅਮਲੇ ਦੀ ਯੋਗਤਾ ਸਬੰਧੀ ਜਾਣਕਾਰੀ ਅਪਡੇਟ ਕਰਨ ਸਬੰਧੀ।**

ਸਿੱਖਿਆ ਵਿਭਾਗ ਵਲੋਂ ਪੋਰਟਲ www.epunjabschool.gov.in ਉੱਤੇ ਇੱਕ ਨਵਾਂ ਮਡਿਊਲ ਅਪਲੋਡ ਕੀਤਾ ਗਿਆ ਹੈ। ਇਹ ਮਡਿਊਲ ਸਕੂਲ ਦੇ ਲਾਗਇਨ ਵਿਚ Staff >> Update Staff menu ਅਧੀਨ ਮੁਹਈਆ ਕਰਵਾਇਆ ਗਿਆ ਹੈ। ਸਮੂਹ ਸਟਾਫ ਦੀ ਮੁਕੰਮਲ ਯੋਗਤਾ ਦਾ ਰਿਕਾਰਡ ਇਸ ਮਡਿਊਲ ਅਧੀਨ ਅਪਡੇਟ ਕੀਤਾ ਜਾਵੇ। ਸਕੂਲ ਮੁਖੀਆਂ ਵਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਸਟਾਫ ਮੈਂਬਰ ਦਾ ਰਿਕਾਰਡ ਸਹੀ ਅਤੇ ਦਸਤਾਵੇਜ਼ਾਂ ਦੇ ਅਧਾਰ ਉੱਤੇ ਭਰਿਆ ਜਾਵੇ। ਹਰ ਸਟਾਫ ਮੈਂਬਰ ਆਪਣਾ ਰਿਕਾਰਡ ਮੁਕੰਮਲ ਦਰਜ ਹੋਣ ਉਪਰੰਤ ਚੰਗੀ ਤਰ੍ਹਾਂ ਨਾਲ ਚੈੱਕ ਕਰ ਲਵੇ ਅਤੇ ਚੈੱਕ ਕਰਨ ਉਪਰੰਤ ਹੀ ਇਸ ਨੂੰ ਅਪਰੂਵ ਕੀਤਾ ਜਾਵੇ। ਇੱਕ ਵਾਰ ਅਪਰੂਵ ਕਰਨ ਉਪਰੰਤ ਇਸ ਰਿਕਾਰਡ ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਜਾ ਸਕੇਗੀ।

ਭਵਿੱਖ ਵਿਚ ਸਰਕਾਰ ਵਲੋਂ ਤਰੱਕੀ ਆਦਿ ਦੀ ਪ੍ਰਕ੍ਰਿਆ ਲਈ ਇਸ ਰਿਕਾਰਡ ਦੀ ਮਦਦ ਲਈ ਜਾਵੇਗੀ ਅਤੇ ਜੇਕਰ ਕਿਸੇ ਵੀ ਸਟਾਫ ਮੈਂਬਰ ਦੇ ਰਿਕਾਰਡ ਵਿਚ ਕੋਈ ਵੀ ਗਲਤੀ ਪਾਈ ਜਾਂਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਬੰਧਤ ਸਟਾਫ ਮੈਂਬਰ ਦੀ ਹੋਵੇਗੀ।

13/X/17

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ**

13/10/17